8-Dec.-Page-SNG.qxd 08-Dec-24 9:19 PM Page 1

ਭਵਾਨੀਗੜ੍ਹ ਵਿਖੇ ਹਰਿਆਣਾ ਸਰਕਾਰ ਖ਼ਿਲਾਫ਼ ਰੋਸ ਮਾਰਚ ਕਰਦੇ ਅਤੇ ਪੁਤਲਾ ਸਾੜਦੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਕਿਸਾਨ। ਤਸਵੀਰਾਂ: ਰਣਧੀਰ ਸਿੰਘ ਫੱਗੂਵਾਲਾ

ਕਿਸਾਨਾਂ 'ਤੇ ਅੱਥਰੂ ਗੈਸ ਦੇ ਗੋਲੇ ਦਾਗਣ ਦੇ ਰੋਸ ਵਲੋਂ ਹਰਿਆਣਾ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ

ਭਵਾਨੀਗੜ੍ਹ, 8 ਦਸੰਬਰ (ਰਣਧੀਰ ਸਿੰਘ ਫੱਗੂਵਾਲਾ) - ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਕਿਸਾਨਾਂ ਵਲੋਂ ਹਰਿਆਣਾ ਦੇ ਬਾਰਡਰਾਂ ਤੇ ਕਿਸਾਨ ਜਥੇਬੰਦੀਆਂ ਵਲੋਂ ਕੀਤੇ ਜਾ ਰਹੇ ਸੰਘਰਸ਼ ਦੌਰਾਨ ਹਰਿਆਣਾ ਪੁਲਿਸ ਵੱਲੋਂ ਅੱਥਰੂ ਗੈਸ ਦੇ ਗੋਲੇ ਦਾਗਣ ਅਤੇ ਲਾਠੀਚਾਰਜ ਕਰਨ ਦੇ ਰੋਸ ਵਜੋਂ ਹਰਿਆਣਾ ਸਰਕਾਰ ਖ਼ਿਲਾਫ਼ ਰੋਸ ਮਾਰਚ ਕਰਦਿਆਂ ਪੁਤਲਾ ਸਾੜ ਕੇ ਨਾਅਰੇਬਾਜ਼ੀ ਕੀਤੀ। ਇਸ ਮੌਕੇ 'ਤੇ ਬਲਾਕ ਸੀਨੀਅਰ ਮੀਤ ਪ੍ਰਧਾਨ ਮਨਜੀਤ ਸਿੰਘ ਘਰਾਚੋਂ ਅਤੇ ਬਲਾਕ ਸਕੱਤਰ ਜਸਵੀਰ ਸਿੰਘ ਗੱਗੜਪੁਰ ਨੇ ਸੰਬੋਧਨ ਕਰਦਿਆਂ ਸੰਘਰਸ਼ ਕਰ ਰਹੀਆਂ ਕਿਸਾਨ ਜਥੇਬੰਦੀਆਂ ਦੇ ਕਿਸਾਨਾਂ 'ਤੇ ਅੱਤਿਆਚਾਰ ਕਰਨ ਦੀ ਨਿਖੇਧੀ ਕਰਦਿਆਂ ਕਿਹਾ ਕਿ ਕਰੀਬ 10 ਮਹੀਨਿਆਂ ਤੋਂ ਕਿਸਾਨ ਬਾਰਡਰਾਂ 'ਤੇ ਬੈਠ ਕੇ ਸ਼ਾਂਤਮਈ ਢੰਗ ਨਾਲ ਸੰਘਰਸ਼ ਕਰਦਿਆਂ ਆਪਣੀਆਂ ਹੱਕੀ ਮੰਗਾਂ ਮਨਵਾਉਣ ਲਈ ਦਿੱਲੀ ਜਾਣਾ ਚਾਹੁੰਦੇ ਹਨ, ਪਰ ਹਰਿਆਣਾ ਸਰਕਾਰ ਉਨ੍ਹਾਂ ਨੂੰ ਦਿੱਲੀ ਜਾਣ ਲਈ ਲਿਖਤੀ ਆਗਿਆ ਪੱਤਰ ਮੰਗ ਰਹੀ ਹੈ। ਉਨ੍ਹਾਂ ਕਿਹਾ ਕਿ ਸੜਕਾਂ 'ਤੇ ਜਾਣ ਲਈ ਕਿਹੜੇ ਲਿਖਤੀ ਪੱਤਰ ਹੁੰਦੇ ਹਨ? ਉਨ੍ਹਾਂ ਕਿਹਾ ਕਿ ਦੇਸ਼ ਦੀਆਂ ਭਾਜਪਾ ਸਰਕਾਰਾਂ ਕਿਸਾਨਾਂ ਨੂੰ ਖ਼ਤਮ ਕਰ ਕੇ ਆਪਣੇ ਚਹੇਤੇ ਸਰਮਾਏਦਾਰਾਂ ਨੂੰ ਕਿਸਾਨ ਅਤੇ ਜ਼ਮੀਨਾਂ ਵੇਚਣਾ ਚਾਹੁੰਦੀਆਂ ਹਨ, ਇਸ ਕਰ ਕੇ ਪੰਜਾਬ ਦੇ ਅੰਨਦਾਤਾ ਕਿਸਾਨ ਦੇ ਜ਼ੁਲਮ ਕੀਤੇ ਜਾ ਰਹੇ ਹਨ। ਉਨ੍ਹਾਂ ਕਿਸਾਨਾਂ 'ਤੇ ਅੱਥਰੂ ਗੈਸ ਦੇ ਗੋਲੇ ਦਾਗਣ ਅਤੇ ਲਾਠੀਚਾਰਜ ਕਰ ਕੇ ਕਿਸਾਨਾਂ ਨੂੰ ਜ਼ਖ਼ਮੀ ਕਰਨ ਦੀ ਨਿਖੇਧੀ ਕਰਦਿਆਂ ਕਿਹਾ ਕਿ ਜੇ ਸਮੇਂ ਦੀਆਂ ਹਕੂਮਤਾਂ ਹੱਕ ਮੰਗਦੇ ਲੋਕਾਂ ਤੇ ਜਾਬਰ ਕਰਨ ਤੋਂ ਨਾ ਹਟੀਆਂ ਤਾਂ ਯੂਨੀਅਨ ਹੋਰ ਤਿੱਖੇ ਐਕਸ਼ਨ ਉਲੀਕੇਗੀ। ਇਸ ਮੌਕੇ 'ਤੇ ਭਾਰੀ ਗਿਣਤੀ ਵਿਚ ਕਿਸਾਨ ਅਤੇ ਕਿਸਾਨ ਮਹਿਲਾਵਾਂ ਹਾਜ਼ਰ ਸਨ।

ਵਿਕਾਸ ਕਾਰਜਾਂ ਦੀ ਵਿਜੀਲੈਂਸ ਜਾਂਚ ਦੀ ਮੰਗ ਸੰਬੰਧੀ ਬੀ.ਡੀ.ਪੀ.ਓ. ਦਫ਼ਤਰ ਧੂਰੀ ਅੱਗੇ ਧਰਨੇ ਦਾ ਐਲਾਨ

ਧੂਰੀ, 8 ਦਸੰਬਰ (ਲਖਵੀਰ ਸਿੰਘ ਧਾਂਦਰਾ) - ਉੱਘੇ ਕਿਸਾਨ ਆਗੂ ਅਤੇ ਪੰਚਾਇਤ ਯੂਨੀਅਨ ਬਲਾਕ ਧੂਰੀ ਦੇ ਸੀਨੀਅਰ ਮੀਤ ਪ੍ਰਧਾਨ ਸਰਪੰਚ ਹਰਜੀਤ ਸਿੰਘ ਬੁਗਰਾ ਨੇ ਪੰਜਾਬ ਸਰਕਾਰ ਵਲੋਂ ਪੰਚਾਇਤਾਂ ਭੰਗ ਕਰਨ ਤੋਂ ਬਾਅਦ ਪ੍ਰਬੰਧਕਾਂ ਦੀ ਨਿਗਰਾਨੀ ਹੇਠ ਪਿੰਡਾਂ 'ਚ ਹੋਏ ਵਿਕਾਸ ਕਾਰਜਾਂ ਅਤੇ ਰਿਕਾਰਡ ਦੀ ਵਿਜੀਲੈਂਸ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ। ਸਰਪੰਚ ਹਰਜੀਤ ਸਿੰਘ ਬੁਗਰਾ ਨੇ ਅਜੀਤ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜਿੱਥੇ ਹਲਕੇ ਦੇ ਐਮ ਐਲ ਏ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਸੂਬੇ ਅੰਦਰ ਭ੍ਰਿਸ਼ਟਾਚਾਰ ਰਹਿਤ ਪ੍ਰਸ਼ਾਸਨ ਦੇਣ ਦੀ ਗੱਲ ਕੀਤੀ ਜਾ ਰਹੀ ਹੈ, ਪਰ ਉੱਥੇ ਪੰਚਾਇਤਾਂ ਕਰਨ ਤੋਂ ਬਾਅਦ ਪੰਚਾਇਤਾਂ ਦੇ ਲਗਾਏ ਗਏ ਪ੍ਰਬੰਧਕਾਂ ਦੇ ਸਮੇਂ ਦੌਰਾਨ ਉਨ੍ਹਾਂ ਦੇ ਹਲਕੇ ਦੇ ਧੂਰੀ ਬਲਾਕ ਦੀਆਂ ਵੱਖ-ਵੱਖ ਪੰਚਾਇਤਾਂ ਵਿਚ ਪ੍ਰਬੰਧਕਾਂ ਵਲੋਂ ਕਰੋੜਾਂ ਰੁਪਏ ਦੀ ਲਾਗਤ ਨਾਲ ਕਰਵਾਏ ਗਏ ਵਿਕਾਸ ਕਾਰਜਾਂ 'ਚ ਜਿੱਥੇ ਕਥਿਤ ਤੌਰ 'ਤੇ ਵੱਡੇ ਪੱਧਰ 'ਤੇ ਹੇਰਫੇਰ ਸਾਹਮਣੇ ਆ ਰਹੀ ਹੈ, ਉੱਥੇ ਪੰਚਾਇਤਾਂ ਦੀ ਚੋਣ ਹੋਣ ਤੋਂ ਬਾਅਦ ਪ੍ਰਬੰਧਕਾਂ ਵਲੋਂ ਮੌਜੂਦਾ ਸਰਪੰਚਾਂ ਨੂੰ ਪੰਚਾਇਤ ਦਾ ਰਿਕਾਰਡ ਦੇਣ ਤੋਂ ਆਨਾਕਾਨੀ ਕੀਤੀ ਜਾ ਰਹੀ ਹੈ, ਜਿਸ ਤੋਂ ਸਪੱਸ਼ਟ ਹੋ ਰਿਹਾ ਹੈ ਕਿ ਦਾਲ ਵਿਚ ਕੁੱਝ ਕਾਲਾ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਪੰਚਾਇਤਾਂ ਦੇ ਬੈਂਕਾਂ ਵਿਚ ਚਲਦੇ ਖਾਤਿਆਂ 'ਚ ਵੀ ਅੱਜ ਤੱਕ ਨਵੇਂ ਸਰਪੰਚਾਂ ਦੇ ਦਸਤਖ਼ਤ ਅੱਪਡੇਟ ਨਹੀਂ ਕਰਵਾਏ ਗਏ, ਜਿਸ ਕਾਰਨ ਹਾਲੇ ਵੀ ਪ੍ਰਬੰਧਕਾਂ ਵਲੋਂ ਵਿੱਤੀ ਲੈਣ ਦੇਣ ਕਰਨ ਦੇ ਸ਼ੰਕੇ ਹਨ। ਸਰਪੰਚ ਹਰਜੀਤ ਸਿੰਘ ਬੁਗਰਾ ਨੇ ਕਿਹਾ ਕਿ ਪੰਚਾਇਤ ਯੂਨੀਅਨ ਦਾ ਵਫ਼ਦ ਅੱਜ 9 ਦਸੰਬਰ ਨੂੰ ਬੀ.ਡੀ.ਪੀ.ਓ ਧੂਰੀ ਨੂੰ ਮਿਲ ਕੇ ਜਿੱਥੇ ਨਵੀਆਂ ਚੁਣੀਆਂ ਗਈਆਂ ਪੰਚਾਇਤਾਂ ਨੂੰ ਰਿਕਾਰਡ ਸੰਭਾਲਣ ਦੀ ਮੰਗ ਕਰੇਗਾ, ਉਥੇ ਬੈਂਕ ਖਾਤਿਆਂ ਵਿੱਚ ਸਰਪੰਚਾਂ ਦੇ ਦਸਤਖਤ ਅੱਪਡੇਟ ਕਰਵਾਉਣ ਅਤੇ ਪ੍ਰਬੰਧਕਾਂ ਦੇ ਸਮੇਂ ਦੌਰਾਨ ਖਰਚੀਆਂ ਗਈਆਂ ਗਰਾਟਾਂ ਦੀ ਜਾਂਚ ਦੀ ਮੰਗ ਕਰੇਗਾ। ਉਨ੍ਹਾਂ ਕਿਹਾ ਕਿ ਜੇਕਰ ਗੱਲਬਾਤ ਸਮੇਂ ਬੀਡੀਪੀਓ ਨੇ ਕੋਈ ਤਸੱਲੀ ਬਖ਼ਸ ਜਵਾਬ ਨਾ ਦਿੱਤੇ ਗਏ ਤਾਂ ਕੱਲ੍ਹ ਮੰਗਲਵਾਰ 10 ਦਸੰਬਰ ਨੂੰ ਬੀਡੀਪੀਓ ਦਫ਼ਤਰ ਅੱਗੇ ਧਰਨਾ ਲਗਾਇਆ ਜਾਵੇਗਾ। ਇਨ੍ਹਾਂ ਉਪਰੋਕਤ ਦੋਸ਼ਾਂ ਸੰਬੰਧੀ ਬੀ.ਡੀ.ਪੀ.ਓ ਧੂਰੀ ਪ੍ਰਦੀਪ ਕੁਮਾਰ ਸ਼ਾਰਦਾ ਤੋਂ ਪ੍ਰਬੰਧਕਾਂ ਦੇ ਸਮੇਂ ਦੇ ਕੰਮ ਦੀ ਜਾਂਚ ਕਰਵਾਉਣ ਸਬੰਧੀ ਪੁੱਛਿਆ ਤਾਂ ਕਿਹਾ ਕਿ ਪੰਚਾਇਤ ਯੂਨੀਅਨ ਕੰਮਾਂ ਦੀ ਜਾਂਚ ਕਰਵਾਉਣ ਵਿਚ ਉਨ੍ਹਾਂ ਨੂੰ ਕੋਈ ਦਿੱਕਤ ਨਹੀਂ ਅਤੇ ਇਸ ਤਰ੍ਹਾਂ ਦੀ ਕੋਈ ਵੀ ਲਿਖਤੀ ਸ਼ਿਕਾਇਤ ਉਨ੍ਹਾਂ ਕੋਲ ਨਹੀਂ ਆਈ ਅਤੇ ਦਸਤਖ਼ਤ ਅੱਪਡੇਟ ਕਰਵਾਉਣ ਸਬੰਧੀ ਕਿਹਾ ਕਿ ਇਹ ਸਰਪੰਚਾਂ ਨੇ ਖ਼ੁਦ ਬੈਂਕਾਂ ਵਿਚ ਕਰਵਾਉਣੇ ਹਨ।

ਪੰਚਾਇਤ ਯੂਨੀਅਨ ਬਲਾਕ ਧੂਰੀ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਕਿਸਾਨ ਆਗੂ ਸਰਪੰਚ ਹਰਜੀਤ ਸਿੰਘ ਬੁਗਰਾ ਗੱਲਬਾਤ ਕਰਦੇ ਹੋਏ। ਤਸਵੀਰ: ਲਖਵੀਰ ਸਿੰਘ ਧਾਂਦਰਾ

ਪਿੰਡ ਮੰਡੇਰ ਕਲਾਂ ਅੰਦਰ ਨਸ਼ੇ ਵੇਚਣ ਵਾਲੇ, ਨਸ਼ੇ ਕਰਨ ਵਾਲੇ ਅਤੇ ਚੋਰੀ ਕਰਨ ਵਾਲੇ ਚੋਰਾਂ ਖ਼ਿਲਾਫ਼ ਕਾਰਵਾਈ ਕਰਨ ਦੇ ਮਤੇ ਪਾਸ ਕਰਦੇ ਹੋਏ ਸਰਪੰਚ ਜਗਰਾਜ ਸਿੰਘ ਸੰਸਾਰੀ ਅਤੇ ਪੰਚਾਇਤ ਮੈਂਬਰ। ਤਸਵੀਰ:

ਪੰਚਾਇਤ ਨੇ ਨਸ਼ੇ ਵੇਚਣ ਵਾਲਿਆਂ ਅਤੇ ਚੋਰੀ ਕਰਨ ਵਾਲੇ ਚੋਰਾਂ ਵਿਰੁੱਧ ਪਾਏ ਪੰਚਾਇਤੀ ਮਤੇ

ਲੌਂਗੋਵਾਲ, 8 ਦਸੰਬਰ (ਸ.ਸ.ਖੰਨਾ) - ਇੱਥੋਂ ਨੇੜਲੇ ਪਿੰਡ ਮੰਡੇਰ ਕਲਾਂ ਦੇ ਨੌਜਵਾਨ ਸਰਪੰਚ ਜਗਰਾਜ ਸਿੰਘ ਸੰਸਾਰੀ ਅਤੇ ਸਮੁੱਚੇ ਪੰਚਾਇਤ ਮੈਂਬਰਾਂ ਵੱਲੋਂ ਨਸ਼ੇ ਕਰਨ ਵਾਲਿਆ ਅਤੇ ਨਸ਼ੇ ਵੇਚਣ ਵਾਲਿਆਂ ਖਿਲਾਫ਼ ਸਖ਼ਤ ਕਾਰਵਾਈ ਕਰਨ ਨੂੰ ਲੈ ਕੇ ਸਮੁੱਚੀ ਪੰਚਾਇਤ ਵੱਲੋਂ ਮਤੇ ਪਾਉਣ ਉਪਰੰਤ ਕਾਨੂੰਨੀ ਕਾਰਵਾਈ ਕਰਨ ਦੀ ਸਹਿਮਤੀ ਦਿੱਤੀ ਗਈ ਹੈ। ਸਰਪੰਚ ਜਗਰਾਜ ਸਿੰਘ ਸੰਸਾਰੀ ਦਾ ਕਹਿਣਾ ਹੈ ਜੇਕਰ ਕੋਈ ਵੀ ਵਿਅਕਤੀ ਮੈਡੀਕਲ ਨਸ਼ਾ ਜਾਂ ਚਿੱਟੇ ਦਾ ਨਸ਼ਾ ਕਰਦਾ ਹੈ ਜਾ ਫਿਰ ਚਿੱਟਾ, ਮੈਡੀਕਲ ਨਸਾ ਵੇਚਦਾ ਫੜਿਆ ਜਾਂਦਾ ਹੈ ਤਾਂ ਉਸ ਸ਼ਖ਼ਸ ਉੱਤੇ ਸਖ਼ਤ ਤੋਂ ਸਖ਼ਤ ਕਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਪਿੰਡ ਦੇ ਅੰਦਰ ਕਿਸੇ ਵੀ ਪ੍ਰਕਾਰ ਦਾ ਮੈਡੀਕਲ ਨਸ਼ਾ ਵਿਕਣ ਨਹੀਂ ਦਿੱਤਾ ਜਾਵੇਗਾ ਜੇਕਰ ਕਿਸੇ ਵੀ ਦੁਕਾਨਦਾਰ ਵੱਲੋਂ ਇਸ ਦੀ ਉਲੰਘਣਾ ਕੀਤੀ ਜਾਂਦੀ ਤਾਂ ਉਸ ਨੂੰ 19000 ਰੁਪਏ ਜੁਰਮਾਨੇ ਦੇ ਨਾਲ ਉਸ ਨੂੰ ਸਜਾ ਵੀ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਪਿੰਡ ਵਿਚ ਕੋਈ ਵੀ ਵਿਅਕਤੀ ਨਸ਼ਾ ਵੇਚਣ ਵਾਲੇ ਦੀ ਜ਼ਮਾਨਤ ਦੇ ਨਹੀਂ ਦੇਵੇਗਾ ਅਤੇ ਨਾ ਹੀ ਜਮਾਨਤੀਏ ਨੂੰ ਸਰਪੰਚ, ਪੰਚ ਜਾਂ ਕਿਸੇ ਹੋਰ ਮੋਹਤਬਰ ਵਿਅਕਤੀ ਵਲੋਂ ਸ਼ਨਾਖ਼ਤ ਕੀਤਾ ਜਾਵੇਗਾ। ਜੇਕਰ ਨਗਰ ਵਿਚ ਕੋਈ ਵੀ ਵਿਅਕਤੀ ਚੋਰੀ ਦੇ ਮਾਮਲੇ ਵਿਚ ਦੋਸ਼ੀ ਪਾਇਆ ਗਿਆ ਤਾਂ ਉਸ ਦਾ ਪੰਚਾਇਤ ਅਤੇ ਪਿੰਡ ਦੇ ਲੋਕਾਂ ਵਲੋਂ ਸਾਥ ਨਹੀਂ ਦਿੱਤਾ ਜਾਵੇਗਾ। ਇਸ ਮੌਕੇ ਗੁਰਮੇਲ ਸਿੰਘ, ਗੁਰਪ੍ਰੀਤ ਸਿੰਘ, ਜੱਸਾ ਸਿੰਘ, ਸਿਕੰਦਰ ਖਾਨ, ਗੁਰਮੇਲ ਕੌਰ, ਸੁਖਵਿੰਦਰ ਕੌਰ, ਕਰਮਜੀਤ ਕੌਰ (ਸਾਰੇ ਪੰਚਾਇਤ ਮੈਂਬਰ) ਹਾਜ਼ਰ ਸਨ।

ਪੁਲਿਸ ਥਾਣਾ ਖਨੌਰੀ ਅਤੇ ਟਰੱਕ ਯੂਨੀਅਨ ਖਨੌਰੀ ਸਾਹਮਣੇ ਸੜਕ 'ਤੇ ਹਰ ਸਮੇਂ ਖੜ੍ਹਾ ਰਹਿੰਦਾ ਪਾਣੀ

ਖਨੌਰੀ, 8 ਦਸੰਬਰ (ਬਲਵਿੰਦਰ ਸਿੰਘ ਥਿੰਦ) - ਖਨੌਰੀ ਤੋਂ ਟੋਹਾਣਾ ਨੂੰ ਜਾਣ ਵਾਲੀ ਸੜਕ 'ਤੇ ਪੁਲਿਸ ਥਾਣਾ ਖਨੌਰੀ ਅਤੇ ਟਰੱਕ ਯੂਨੀਅਨ ਦੇ ਅੱਗੇ ਹਰ ਸਮੇਂ ਹੀ ਗੰਦਾ ਪਾਣੀ ਖੜਾ ਰਹਿਣ ਕਾਰਨ ਉੱਥੋਂ ਲੰਘਣ ਵਾਲੇ ਹਰ ਰਾਹਗੀਰ ਨੂੰ ਵੱਡੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜ਼ਿਕਰਯੋਗ ਹੈ ਕਿ ਟਰੱਕ ਯੂਨੀਅਨ ਅਤੇ ਪੁਲਿਸ ਥਾਣੇ ਅੱਗੋਂ ਲੰਘਦੀ ਸੜਕ ਜੋ ਕਿ ਲੰਬੇ ਸਮੇਂ ਤੋਂ ਹੀ ਟੁੱਟੀ ਪਈ ਹੈ ਤੇ ਇਸ ਟੁੱਟੀ ਹੋਈ ਸੜਕ 'ਚ ਪਹਿਲਾਂ ਤਾਂ ਬਰਸਾਤ ਪੈ ਜਾਣ ਕਾਰਨ ਇਸ ਟੁੱਟੀ ਪਈ ਸੜਕ ਦੇ ਟੋਇਆਂ ਵਿਚ ਵਿਚ ਪਾਣੀ ਖੜਾ ਹੋ ਜਾਂਦਾ ਹੈ ਸੀ ਤੇ ਜੋ ਕਿ ਜਲਦੀ ਜਲਦੀ ਸੁਕਦਾ ਹੀ ਨਹੀਂ ਸੀ ਪ੍ਰੰਤੂ ਹੁਣ ਤਾਂ ਕੋਈ ਬਰਸਾਤਾਂ ਵੀ ਨਹੀਂ ਹਨ ਤੇ ਇਹ ਸਮੱਸਿਆ ਜਿਓਂ ਦੀ ਤਿਓਂ ਬਣੀ ਹੋਈ ਹੈ। ਦੱਸਿਆ ਜਾਂਦਾ ਹੈ ਕਿ ਇੱਥੇ ਜੋ ਸੀਵਰੇਜ ਦੀਆਂ ਪਾਈਪਾਂ ਪਈਆਂ ਹਨ ਉਹਨਾਂ ਪਾਈਪਾਂ ਵਿਚ ਕੋਈ ਪਾਈਪ ਲੀਕ ਹੋਣ ਕਰ ਕੇ ਪਾਣੀ ਹਰ ਸਮੇਂ ਸੜਕ 'ਤੇ ਹੀ ਖਿੱਲਰਦਾ ਰਹਿੰਦਾ ਹੈ ਤੇ ਇੱਥੇ ਬਣੇ ਟੋਇਆਂ ਵਿਚ ਭਰਿਆ ਰਹਿੰਦਾ ਹੈ। ਜਿਸ ਕਰ ਕੇ ਇੱਥੋਂ ਲੰਘਣ ਵਾਲੇ ਲੋਕਾਂ ਨੂੰ ਬਹੁਤ ਹੀ ਵੱਡੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਹੈ। ਲੋਕਾਂ ਦੀ ਮੰਗ ਹੈ ਕਿ ਇੱਥੇ ਪਏ ਹੋਏ ਸੀਵਰੇਜ ਦੀਆਂ ਪਾਈਪਾਂ ਦੀ ਮੁਰੰਮਤ ਕਰ ਕੇ ਠੀਕ ਕੀਤਾ ਜਾਵੇ ਅਤੇ ਲੋਕਾਂ ਨੂੰ ਪੇਸ਼ ਆ ਰਹੀ ਪ੍ਰੇਸ਼ਾਨੀ ਤੋਂ ਰਾਹਤ ਦਵਾਈ ਜਾਵੇ।

ਖਨੌਰੀ-ਟੋਹਾਣਾ ਮਾਰਗ 'ਤੇ ਬਣੇ ਵੱਡੇ ਵੱਡੇ ਟੋਇਆਂ 'ਚ ਖੜ੍ਹਾ ਗੰਦਾ ਪਾਣੀ। ਤਸਵੀਰ: ਬਲਵਿੰਦਰ ਸਿੰਘ ਥਿੰਦ

ਅਹਿਮਦਗੜ੍ਹ ਵਿਖੇ ਸ਼ੁੱਧ ਪਾਣੀ ਲਈ ਲਗਾਏ ਗਏ ਟਿਊਬਵੈੱਲ ਦਾ ਆਰੰਭ ਕਰਦੇ ਹੋਏ ਕੁਲਵੰਤ ਸਿੰਘ ਗੱਜਣਮਾਜਰਾ, ਨਾਲ ਨਗਰ ਕੌਂਸਲ ਪ੍ਰਧਾਨ ਵਿਕਾਸ ਕ੍ਰਿਸ਼ਨ, ਟਰੱਕ ਯੂਨੀਅਨ ਪ੍ਰਧਾਨ ਮਨਿੰਦਰਪਾਲ ਸਿੰਘ, ਈ.ਓ. ਵਿਕਾਸ ਉਪਲ, ਆਗੂ ਜਗਤਾਰ ਸਿੰਘ ਚੀਮਾ ਤੇ ਰਿੰਕੂ ਗਰਗ ਆਦਿ। ਤਸਵੀਰ: ਮਹੋਲੀ

ਪਾਣੀ ਦੀ ਸਮੱਸਿਆ ਨੂੰ ਦੂਰ ਕਰਨ ਲਈ ਨਗਰ ਕੌਂਸਲ ਵਲੋਂ ਟਿਊਬਵੈੱਲ ਲਗਾਏ

ਅਹਿਮਦਗੜ੍ਹ, 8 ਦਸੰਬਰ (ਰਣਧੀਰ ਸਿੰਘ ਮਹੋਲੀ) - ਪਿਛਲੇ ਲੰਬੇ ਸਮੇਂ ਤੋਂ ਸ਼ਹਿਰ ਵਿਚ ਪੀਣ ਵਾਲੇ ਪਾਣੀ ਦੀ ਆ ਰਹੀ ਸਮੱਸਿਆ ਨੂੰ ਧਿਆਨ ਵਿਚ ਰੱਖਦਿਆਂ ਇਸ ਦਾ ਹੱਲ ਕਰਦੇ ਹੋਏ ਨਗਰ ਕੌਂਸਲ ਪ੍ਰਧਾਨ ਵਿਕਾਸ ਕ੍ਰਿਸ਼ਨ ਵਲੋਂ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਦੇ ਸਹਿਯੋਗ ਨਾਲ ਉਪਰਾਲਾ ਕਰਦਿਆ ਦੋ ਟਿਊਬਵੈੱਲ ਲਗਾਏ ਜਾਣ ਸਬੰਧੀ ਜਾਣਕਾਰੀ ਦਿੱਤੀ। ਪ੍ਰਧਾਨ ਵਿਕਾਸ ਕ੍ਰਿਸ਼ਨ ਨੇ ਦੱਸਿਆ ਕਿ ਦੋ ਕਰੋੜ ਤੋਂ ਵੱਧ ਲਾਗਤ ਨਾਲ ਲੱਗਣ ਵਾਲੇ ਦੋ ਟਿਊਬਵੈੱਲਾਂ ਵਿਚੋਂ ਪੁਰਾਣੇ ਲੋਕ ਸੇਵਾ ਕੇਂਦਰ ਕੋਲ ਲਗਾਏ ਗਏ ਇਕ ਟਿਊਬਵੈੱਲ ਦਾ ਸ਼ੁੱਭ ਆਰੰਭ ਵਿਧਾਇਕ ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ ਦੇ ਭਰਾ ਕੁਲਵੰਤ ਸਿੰਘ ਗੱਜਣਮਾਜਰਾ ਵਲੋਂ ਕੀਤਾ ਗਿਆ। ਨਗਰ ਕੌਂਸਲ ਪ੍ਰਧਾਨ ਵਿਕਾਸ ਕ੍ਰਿਸ਼ਨ, ਟਰੱਕ ਯੂਨੀਅਨ ਪ੍ਰਧਾਨ ਮਨਿੰਦਰਪਾਲ ਸਿੰਘ ਅਤੇ ਕਾਰਜ ਸਾਧਕ ਅਫ਼ਸਰ ਵਿਕਾਸ ਉਪਲ ਨੇ ਦੱਸਿਆ ਕਿ 200 ਮੀਟਰ ਦੀ ਕਰੀਬ ਡੂੰਘਾਈ ਨਾਲ ਲਗਾਏ ਜਾ ਰਹੇ ਟਿਊਬਵੈੱਲਾਂ ਦੇ ਦਾਇਰੇ ਵਿਚ ਆ ਰਹੇ 550 ਤੋਂ ਵੱਧ ਘਰਾਂ ਨੂੰ ਸ਼ੁੱਧ ਅਤੇ ਨਿਰਵਿਘਨ ਪਾਣੀ ਦੀ ਸਹੂਲਤ ਮਿਲੇਗੀ। ਉਨ੍ਹਾਂ ਦੱਸਿਆ ਕਿ ਦੂਜਾ ਟਿਊਬਵੈੱਲ ਪਾਰਕ, ਤਹਿਸੀਲ ਜਾਂ ਇਸ ਦੇ ਆਸ ਪਾਸ ਨਗਰ ਕੌਂਸਲ ਦੀ ਕੋਈ ਢੁਕਵੀਂ ਜਗ੍ਹਾ ਦੇਖ ਕੇ ਲਗਵਾਉਣ ਦੀ ਤਜਵੀਜ਼ ਹੈ। ਇਸ ਮੌਕੇ ਤੇ ਪ੍ਰਧਾਨ ਵਿਕਾਸ ਕ੍ਰਿਸ਼ਨ, ਈ ਓ ਵਿਕਾਸ ਉਪਲ, ਟਰੱਕ ਯੂਨੀਅਨ ਪ੍ਰਧਾਨ ਮਨਿੰਦਰਪਾਲ ਪਾਲ ਸਿੰਘ, ਆਪ ਆਗੂ ਜਗਤਾਰ ਸਿੰਘ ਚੀਮਾ, ਮਹਿਲਾ ਪ੍ਰਧਾਨ ਰਿੰਕੂ ਗਰਗ, ਜੇ ਈ ਜਤਿੰਦਰ ਕੁਮਾਰ, ਰੋਹਿਤ ਵੈਕਟਰ, ਰੋਹਿਤ ਢੰਡ, ਜਸਵੀਰ ਕੌਰ ਆਦਿ ਮੌਜੂਦ ਸਨ।

ਸਰਕਾਰੀ ਹਸਪਤਾਲਾਂ 'ਚ ਓ.ਪੀ.ਡੀ ਸਲਿੱਪ ਲੈਣਾ ਹੀ ਮਰੀਜ਼ਾਂ ਲਈ ਬਣੀ ਚੁਣੌਤੀ-ਅਰਾਧਨਾ ਕਾਂਗੜਾ

ਸੰਗਰੂਰ, 8 ਦਸੰਬਰ (ਅਮਨਦੀਪ ਸਿੰਘ ਬਿੱਟਾ) - ਪੰਜਾਬ ਪ੍ਰਦੇਸ਼ ਮਹਿਲਾ ਕਾਂਗਰਸ ਦੀ ਸਕੱਤਰ ਅਰਾਧਨਾ ਕਾਂਗੜਾ ਨੇ ਕਿਹਾ ਕਿ ਸਰਕਾਰੀ ਹਸਪਤਾਲਾਂ ਵਿਚ ਡਾਕਟਰ ਨੂੰ ਜਾਂਚ ਕਰਵਾਉਣ ਲਈ ਓ.ਪੀ.ਡੀ ਸਲਿੱਪ ਨੂੰ ਲੈ ਕੇ ਸਿਹਤ ਵਿਭਾਗ ਨੇ ਲੋਕਾਂ ਦੀ ਪ੍ਰੇਸ਼ਾਨੀ ਵਧਾ ਦਿੱਤੀ ਹੈ, ਜਿੱਥੇ ਪਹਿਲਾਂ ਓ.ਪੀ.ਡੀ. ਸਲਿੱਪ ਲੋਕਾਂ ਨੂੰ ਆਸਾਨੀ ਨਾਲ ਮਿਲ ਜਾਂਦੀ ਸੀ, ਹੁਣ ਓ.ਪੀ.ਡੀ. ਸਲਿੱਪ ਲੈਣੀ ਬਹੁਤ ਹੀ ਮੁਸ਼ਕਿਲ ਹੋ ਗਈ ਹੈ। ਜਿਸ ਕਾਰਨ ਵੱਖ-ਵੱਖ ਪਿੰਡਾਂ ਸ਼ਹਿਰਾਂ ਤੋਂ ਇਲਾਜ ਕਰਵਾਉਣ ਲਈ ਆਏ ਲੋਕ ਮਜਬੂਰਨ ਡਾਕਟਰ ਨੂੰ ਬਿਨਾਂ ਜਾਂਚ ਕਰਵਾਏ ਹੀ ਘਰਾਂ ਨੂੰ ਪਰਤ ਰਹੇ ਹਨ। ਮੈਡਮ ਅਰਾਧਨਾ ਕਾਂਗੜਾ ਕਿ ਸਰਕਾਰ ਦੇ ਗ਼ਲਤ ਫ਼ੈਸਲਿਆਂ ਕਾਰਨ ਸਿਹਤ ਸਹੂਲਤਾਂ ਲੋਕਾਂ ਦੀ ਪਹੁੰਚ ਤੋਂ ਬਹੁਤ ਦੂਰ ਹੁੰਦੀਆਂ ਜਾ ਰਹੀਆਂ ਹਨ ਉਨ੍ਹਾਂ ਕਿਹਾ ਕਿ ਸਰਕਾਰੀ ਹਸਪਤਾਲਾਂ ਵਿਚ ਆਪਣਾ ਇਲਾਜ ਕਰਵਾਉਣ ਲਈ ਆਉਣ ਵਾਲੇ ਲੋਕਾਂ ਨੂੰ ਪਹਿਲਾਂ ਸਿਰਫ਼ ਨਾਮ ਪਤਾ ਦੱਸਣ 'ਤੇ ਓ.ਪੀ.ਡੀ ਸਲਿੱਪ ਮਿਲ ਜਾਂਦੀ ਸੀ, ਜਿਸ ਨੂੰ ਲੈ ਕੇ ਉਹ ਡਾਕਟਰ ਤੋਂ ਜਾਂਚ ਕਰਵਾ ਕੇ ਆਪਣਾ ਇਲਾਜ ਕਰਵਾ ਲੈਂਦੇ ਸਨ। ਹੁਣ ਸਰਕਾਰ ਵਲੋਂ ਆਪਣੇ ਇੱਕ ਨਵੇਂ ਫ਼ੈਸਲੇ ਨਾਲ ਲੋਕਾਂ ਦੀ ਪ੍ਰੇਸ਼ਾਨੀ ਵਧਾ ਦਿੱਤੀ ਹੈ। ਉਨ੍ਹਾਂ ਕਿਹਾ ਕਿ ਹੁਣ ਸਰਕਾਰੀ ਹਸਪਤਾਲਾਂ ਵਿਚ ਓ.ਪੀ.ਡੀ ਸਲਿੱਪ ਲੈਣ ਸਮੇਂ ਲੋਕਾਂ ਤੋਂ ਆਧਾਰ ਕਾਰਡ ਦੀ ਮੰਗ ਕੀਤੀ ਜਾਂਦੀ ਹੈ, ਉਸ ਤੋਂ ਬਾਅਦ ਜੋ ਮੋਬਾਈਲ ਨੰਬਰ ਅਧਾਰ ਕਾਰਡ ਨਾਲ ਲਿੰਕ ਕੀਤਾ ਹੋਇਆ ਹੈ, ਉਸ 'ਤੇ ਮੈਸੇਜ ਭੇਜ ਕੇ ਓ.ਟੀ.ਪੀ. ਦੀ ਮੰਗ ਕੀਤੀ ਜਾਂਦੀ ਹੈ। ਓ.ਟੀ.ਪੀ ਆਉਣ ਉਪਰੰਤ ਫਿਰ ਓ.ਪੀ.ਡੀ. ਸਲਿੱਪ ਦਿੱਤੀ ਜਾਂਦੀ ਹੈ। ਸਰਕਾਰੀ ਹਸਪਤਾਲਾਂ ਵਿਚ ਜ਼ਿਆਦਾਤਰ ਗਰੀਬ ਲੋਕ ਹੀ ਆਪਣਾ ਇਲਾਜ ਕਰਵਾਉਣ ਲਈ ਆਉਂਦੇ ਹਨ ਜੋ ਜ਼ਿਆਦਾ ਪੜ੍ਹੇ ਲਿਖੇ ਵੀ ਨਹੀਂ ਹੁੰਦੇ ਅਤੇ ਵੱਡੀ ਗਿਣਤੀ ਉਨ੍ਹਾਂ ਦਾ ਆਧਾਰ ਕਾਰਡ ਪਰਿਵਾਰ ਦੇ ਇੱਕ ਮੈਂਬਰ ਦੇ ਮੋਬਾਈਲ ਨੰਬਰ ਨਾਲ ਹੀ ਲਿੰਕ ਹੁੰਦਾ ਹੈ। ਉਨ੍ਹਾਂ ਕਿਹਾ ਕਿ ਹਸਪਤਾਲ ਜਾਣ ਸਮੇਂ ਸਾਰਿਆਂ ਕੋਲ ਉਹ ਮੋਬਾਈਲ ਨਹੀਂ ਹੁੰਦਾ ਅਤੇ ਬਹੁਤੇ ਲੋਕਾਂ ਦੇ ਆਧਾਰ ਕਾਰਡ ਬਣਾਉਣ ਸਮੇਂ ਲਿੰਕ ਕਰਵਾਏ ਮੋਬਾਈਲ ਨੰਬਰ ਵੀ ਬਦਲ ਗਏ ਹਨ ਜਿਸ ਲਈ ਉਹ ਕੋਈ ਓ.ਟੀ.ਪੀ ਨਹੀਂ ਦੇ ਸਕਦੇ ਅਤੇ ਓ.ਪੀ.ਡੀ. ਸਲਿੱਪ ਬਣਾਉਣ ਤੋਂ ਵਾਂਝੇ ਰਹਿ ਜਾਂਦੇ ਹਨ, ਜਿਸ ਕਾਰਨ ਪੀੜਤ ਲੋਕ ਬਿਨਾਂ ਡਾਕਟਰ ਨੂੰ ਜਾਂਚ ਕਰਵਾਏ ਹੀ ਆਪਣੇ ਘਰਾਂ ਨੂੰ ਜਾਣ ਲਈ ਮਜਬੂਰ ਹੋ ਰਹੇ ਹਨ। ਜਿਸ ਤੋਂ ਸਪਸ਼ਟ ਹੁੰਦਾ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਨੂੰ ਸਿਹਤ ਸਹੂਲਤਾਂ ਦੇਣ ਵਿਚ ਬੁਰੀ ਤਰ੍ਹਾਂ ਫ਼ੇਲ੍ਹ ਹੋ ਚੁੱਕੀ ਹੈ। ਮੈਡਮ ਅਰਾਧਨਾ ਕਾਂਗੜਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵਿਚ ਹਰ ਵਰਗ ਦੇ ਲੋਕ ਹਰ ਪੱਖੋਂ ਪ੍ਰੇਸ਼ਾਨੀ ਦੇ ਦੌਰ ਵਿਚੋਂ ਦੀ ਗੁਜ਼ਰ ਰਹੇ ਹਨ ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਹਸਪਤਾਲਾਂ ਵਿਚ ਪਹਿਲਾਂ ਦੀ ਤਰ੍ਹਾਂ ਹੀ ਓਪੀਡੀ ਸਲਿੱਪ ਦੇਣੀ ਜਾਰੀ ਕਰੇ।

ਮੈਡਮ ਅਰਾਧਨਾ ਕਾਂਗੜਾ।

ਨਗਰ ਕੌਂਸਲ ਚੋਣਾਂ ਨੂੰ ਲੈ ਕੇ ਅਕਾਲੀ ਦਲ ਦੀ ਹੋਈ ਅਹਿਮ ਮੀਟਿੰਗ ਦਾ ਦ੍ਰਿਸ਼। ਤਸਵੀਰ: ਦਰਸ਼ਨ ਵਧਵਾ

ਨਗਰ ਕੌਂਸਲ ਚੋਣਾਂ ਨੂੰ ਲੈ ਕੇ ਅਕਾਲੀ ਦਲ ਨੇ ਕੀਤੀ ਅਹਿਮ ਮੀਟਿੰਗ

ਸੰਗਰੂਰ, 8 ਦਸੰਬਰ (ਦਮਨਜੀਤ ਸਿੰਘ) - ਅੱਜ ਸਥਾਨਕ ਪੂਨੀਆ ਟਾਵਰ ਵਿਖੇ ਆਉਣ ਵਾਲੀਆਂ ਨਗਰ ਕੌਂਸਲ ਚੋਣਾਂ ਸਬੰਧੀ ਅਕਾਲੀ ਦਲ ਦੀ ਬਣਾਈ ਕਮੇਟੀ, ਜਿਸ ਦੇ ਮੈਂਬਰ ਸ. ਇਕਬਾਲਜੀਤ ਸਿੰਘ ਪੂਨੀਆ, ਚਮਨਦੀਪ ਸਿੰਘ ਮਿਲਖੀ, ਜਤਿੰਦਰ ਸਿੰਘ ਵਿੱਕੀ ਕੋਚ, ਨਰੇਸ਼ ਕੁਮਾਰ ਗੋਇਲ, ਬੀਬੀ ਪਰਮਜੀਤ ਕੌਰ ਵਿਰਕ, ਸ਼ੇਰ ਸਿੰਘ ਬਾਲੇਵਾਲ ਦੀ ਮੀਟਿੰਗ ਕੀਤੀ ਗਈ। ਜਿਸ ਦੀ ਪ੍ਰਧਾਨਗੀ ਹਲਕਾ ਇੰਚਾਰਜ ਵਿਨਰਜੀਤ ਸਿੰਘ ਗੋਲਡੀ ਅਤੇ ਜ਼ਿਲ੍ਹਾ ਪ੍ਰਧਾਨ ਤਜਿੰਦਰ ਸਿੰਘ ਸੰਘਰੇੜੀ ਨੇ ਕੀਤੀ। ਮੀਟਿੰਗ ਵਿਚ ਸਭ ਤੋਂ ਪਹਿਲਾਂ ਫ਼ੈਸਲਾ ਇਹ ਹੋਇਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੋਏ ਹੁਕਮ ਨੂੰ ਮੰਨਦੇ ਹੋਏ ਸ਼੍ਰੋਮਣੀ ਅਕਾਲੀ ਦਲ ਸ਼ਹਿਰੀ ਦੇ ਸਾਰੇ ਧੜਿਆਂ ਨੂੰ ਅਪੀਲ ਕੀਤੀ ਕਿ ਉਹ ਸ਼੍ਰੋਮਣੀ ਅਕਾਲੀ ਦਲ ਦੇ ਨਿਸ਼ਾਨ ਹੇਠ ਚੋਣ ਮੈਦਾਨ ਵਿਚ ਆਉਣ, ਜਿਹੜੇ ਵੀ ਉਮੀਦਵਾਰ ਇਸ ਚੋਣ ਨੂੰ ਲੜਨ ਦੇ ਚਾਹਵਾਨ ਹਨ, ਅਕਾਲੀ ਦਲ ਨੂੰ ਪਿਆਰ ਕਰਦੇ ਹਨ ਅਤੇ ਅਕਾਲੀ ਦਲ ਦੀ ਸੋਚ 'ਤੇ ਪਹਿਰਾ ਦਿੰਦੇ ਹਨ, ਉਨ੍ਹਾਂ ਨੂੰ ਚੋਣਾਂ ਵਿਚ ਲੜਨ ਲਈ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ। ਅੱਜ ਦੀ ਮੀਟਿੰਗ ਵਿਚ ਜਿਹੜੇ ਉਮੀਦਵਾਰ ਦੀਆਂ ਅਰਜ਼ੀਆਂ ਹੁਣ ਤੱਕ ਪ੍ਰਾਪਤ ਹੋਈਆਂ ਹਨ ਉਨ੍ਹਾਂ 'ਤੇ ਵਿਚਾਰ ਕੀਤਾ ਗਿਆ ਅਤੇ ਇਹ ਫ਼ੈਸਲਾ ਵੀ ਕੀਤਾ ਗਿਆ ਕਿ ਇਹ ਵੋਟਾਂ ਇਲਾਕੇ ਦੀ ਸ਼ਾਂਤੀ,ਭਾਈਚਾਰੇ ਅਤੇ ਤਰੱਕੀ ਲਈ ਲੜੀਆਂ ਜਾਣਗੀਆਂ। ਅੱਜ ਦੇ ਜੋ ਹਾਲਾਤ ਪੰਜਾਬ ਦੇ ਹਨ ਜੋ ਕਾਨੂੰਨ ਦੀ ਸਥਿਤੀ ਹੈ, ਜਿਵੇਂ ਫਿਰੌਤੀਆਂ ਵਪਾਰੀਆਂ ਤੋਂ ਮੰਗੀਆਂ ਜਾ ਰਹੀਆਂ ਹਨ, ਇਹ ਪੰਜਾਬ ਦੇ ਮਾੜੇ ਹਾਲਾਤਾਂ ਨੂੰ ਬਿਆਨ ਕਰਦੇ ਹਨ। ਅੱਜ ਭ੍ਰਿਸ਼ਟਾਚਾਰ ਜ਼ੋਰਾਂ 'ਤੇ ਹੈ ਤੇ ਮੌਜੂਦਾ ਸਰਕਾਰ ਵਿਕਾਸ ਪੱਖੋਂ ਬਿਲਕੁਲ ਨਾਕਾਮ ਸਿੱਧ ਹੋਈ ਹੈ। ਇਹ ਚੋਣਾਂ ਸੰਗਰੂਰ ਸ਼ਹਿਰ ਦੀ ਤਰੱਕੀ, ਵਪਾਰੀਆਂ ਅਤੇ ਕਾਰੋਬਾਰੀਆਂ ਦੀ ਜਾਨ ਮਾਲ ਦੀ ਰਾਖੀ, ਆਮ ਲੋਕਾਂ ਨੂੰ ਭ੍ਰਿਸ਼ਟਾਚਾਰ ਫਿਰੌਤੀਆਂ ਅਤੇ ਖੱਜਲ ਖੁਆਰੀ ਤੋਂ ਬਚਾਉਣ ਲਈ ਲੜੀ ਜਾਵੇਗੀ।

ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਪਰਮਿੰਦਰ ਸਿੰਘ ਢੀਂਡਸਾ। ਤਸਵੀਰ: ਅਸ਼ੋਕ ਗਰਗ

ਕਮੇਟੀ ਬਾਦਲ ਦਾ ਅਸਤੀਫ਼ਾ ਪ੍ਰਵਾਨ ਕਰਕੇ ਚੋਣ ਪ੍ਰਕਿਰਿਆ ਸ਼ੁਰੂ ਕਰੇ - ਢੀਂਡਸਾ

ਲਹਿਰਾਗਾਗਾ, 8 ਦਸੰਬਰ (ਅਸ਼ੋਕ ਗਰਗ)- ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮਾਂ 'ਤੇ ਇੰਨਬਿੰਨ ਪਹਿਰਾ ਦੇਵਾਂਗੇ, ਅਕਾਲੀ ਦਲ ਦਾ ਨੁਕਸਾਨ ਕਿਉਂ ਹੋਇਆ? ਇਹ ਸਭ ਕੁਝ ਪਤਾ ਚੱਲ ਗਿਆ, ਪਰ ਹੁਣ ਸਭਨਾਂ ਨੂੰ ਅਕਾਲੀ ਦਲ ਦੀ ਮਜ਼ਬੂਤੀ ਅਤੇ ਬਿਹਤਰੀ ਲਈ ਯਤਨ ਕਰਨੇ ਚਾਹੀਦੇ ਹਨ, ਇਸ ਗੱਲ ਦਾ ਪ੍ਰਗਟਾਵਾ ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਬਣਾਈ ਗਈ ਕਮੇਟੀ ਨੂੰ ਆਪਣਾ ਚਾਰਜ ਸੰਭਾਲ ਕੇ ਸੁਖਬੀਰ ਸਿੰਘ ਬਾਦਲ ਦਾ ਅਸਤੀਫ਼ਾ ਪ੍ਰਵਾਨ ਕਰਦੇ ਹੋਏ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮਾਂ ਅਨੁਸਾਰ ਚੋਣ ਪ੍ਰਕਿਰਿਆ ਸ਼ੁਰੂ ਕਰਨੀ ਚਾਹੀਦੀ ਹੈ। ਪਰ ਕਮੇਟੀ ਨੇ ਅਸਤੀਫ਼ਾ ਮਨਜ਼ੂਰ ਕੀਤੇ ਬਿਨਾਂ ਹੀ ਚੋਣਾਂ ਦਾ ਐਲਾਨ ਕਰ ਦਿੱਤਾ, ਜਦੋਂ ਕਿ ਕਮੇਟੀ ਨੂੰ ਚਾਹੀਦਾ ਹੈ ਕਿ ਉਹ ਸਾਰੇ ਹੀ ਅਕਾਲੀ ਦਲਾਂ ਤੇ ਪੰਥਕ ਜਥੇਬੰਦੀਆਂ ਨਾਲ ਸਲਾਹ ਮਸ਼ਵਰਾ ਕਰ ਕੇ ਅਕਾਲੀ ਦਲ ਦੀ ਮਜ਼ਬੂਤੀ ਲਈ ਸਭਨਾਂ ਨੂੰ ਇੱਕ ਪਲੇਟਫ਼ਾਰਮ 'ਤੇ ਇਕੱਠਾ ਕਰਨ, ਸੂਬੇ ਦੇ ਲੋਕ ਜਿਵੇਂ ਚਾਹੁਣ, ਜਿਸ ਨੂੰ ਚਾਹੁਣ ਉਸ ਅਨੁਸਾਰ ਹੀ ਅਕਾਲੀ ਦਲ ਮਜ਼ਬੂਤ ਹੋ ਸਕਦਾ ਹੈ। ਸੁਖਦੇਵ ਸਿੰਘ ਢੀਂਡਸਾ ਦੇ ਸੁਖਬੀਰ ਸਿੰਘ ਬਾਦਲ ਨੂੰ ਪਾਰਟੀ ਪ੍ਰਧਾਨ ਬਣਾਉਣ ਦੇ ਵਾਇਰਲ ਹੋ ਰਹੇ ਬਿਆਨ 'ਤੇ ਪ੍ਰਤੀਕਿਰਿਆ ਪ੍ਰਗਟ ਕਰਦਿਆਂ ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਕਿ ਸੁਖਦੇਵ ਸਿੰਘ ਢੀਂਡਸਾ ਨੇ ਅਜਿਹਾ ਕੁਝ ਨਹੀਂ, ਕੁਝ ਸਵਾਰਥੀ ਮੀਡੀਆ ਨੇ ਢੀਂਡਸਾ ਸਾਹਿਬ ਦੇ ਬਿਆਨ ਨੂੰ ਤੋੜ ਮਰੋੜ ਕੇ ਪੇਸ਼ ਕਰ ਦਿੱਤਾ। । ਸ. ਢੀਂਡਸਾ ਅੱਜ ਇੱਥੇ ਪਿੰਡ ਖੋਖਰ ਖ਼ੁਰਦ ਵਿਖੇ ਸਾਬਕਾ ਸਰਪੰਚ ਦੀਦਾਰ ਸਿੰਘ ਦੇ ਘਰ ਇਕ ਸਮਾਗਮ ਸ਼ਾਮਿਲ ਹੋਣ ਲਈ ਪਹੁੰਚੇ ਸਨ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਧਰਮ ਪ੍ਰਚਾਰ ਕਮੇਟੀ ਮੈਂਬਰ ਜਥੇਦਾਰ ਰਾਮਪਾਲ ਸਿੰਘ ਬਹਿਨੀਵਾਲ, ਹਰਦੇਵ ਸਿੰਘ ਰੋਗਲਾ, ਗੁਰਦੀਪ ਸਿੰਘ ਮਕੋਰੜ, ਧਰਮਜੀਤ ਸਿੰਘ ਸੰਗਤਪੁਰਾ, ਸਾਬਕਾ ਜ਼ਿਲ੍ਹਾ ਪਰਿਸ਼ਦ ਮੈਂਬਰ ਹਰਿੰਦਰ ਸਿੰਘ ਚੰਗਾਲੀਵਾਲਾ ਮੌਜੂਦ ਸਨ।

ਵਰ੍ਹੇਗੰਢ ਮਨਾਈ

ਜਸਪ੍ਰੀਤ ਸਿੰਘ ਚਹਿਲ ਅਤੇ ਸਰਬਜੀਤ ਕੌਰ ਵਾਸੀ ਖੇੜੀ ਚਹਿਲਾਂ ਨੇ ਵਿਆਹ ਦੀ 17ਵੀਂ ਵਰ੍ਹੇਗੰਢ ਮਨਾਈ।

ਸਮਾਗਮ ਸੰਬੰਧੀ ਅਹਿਮ ਮੀਟਿੰਗ ਦੌਰਾਨ ਕਲੱਬ ਪ੍ਰਧਾਨ, ਮੈਂਬਰਾਂ ਨਾਲ। ਤਸਵੀਰ: ਸੁਖਜੀਤ ਸਿੰਘ ਖੇੜਾ

ਮੁੰਡੇ ਅਹਿਮਦਗੜ੍ਹ ਦੇ ਵੈਲਫੇਅਰ ਕਲੱਬ ਵਲੋਂ ਸਾਲਾਨਾ ਰਾਸ਼ਨ ਵੰਡ ਸਮਾਗਮ ਸੰਬੰਧੀ ਅਹਿਮ ਮੀਟਿੰਗ

ਅਹਿਮਦਗੜ੍ਹ, 8 ਦਸੰਬਰ (ਖੇੜਾ, ਮਹੋਲੀ) - ਰਾਜ ਪੁਰਸਕਾਰ ਜੇਤੂ ਸਮਾਜ ਸੇਵੀ ਸੰਸਥਾ ਮੁੰਡੇ ਅਹਿਮਦਗੜ੍ਹ ਦੇ ਵੈਲਫੇਅਰ ਕਲੱਬ ਦੀ ਇਕ ਅਹਿਮ ਮੀਟਿੰਗ ਪ੍ਰਧਾਨ ਰਾਕੇਸ਼ ਗਰਗ ਦੀ ਅਗਵਾਈ ਹੇਠ ਹੋਈ ਜਿਸ ਵਿਚ ਵੱਡੀ ਗਿਣਤੀ ਵਿਚ ਮੈਂਬਰਾਂ ਨੇ ਭਾਗ ਲਿਆ। ਇਸ ਮੀਟਿੰਗ ਵਿਚ ਕਲੱਬ ਵਲੋਂ 29 ਦਸੰਬਰ ਦਿਨ ਐਤਵਾਰ ਨੂੰ ਕਰਵਾਏ ਜਾ ਰਹੇ ਵਿਸ਼ਾਲ ਸਲਾਨਾ ਰਾਸ਼ਨ ਵੰਡ ਸਮਾਗਮ ਸਬੰਧੀ ਵਿਸ਼ੇਸ਼ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਪ੍ਰਧਾਨ ਰਾਕੇਸ਼ ਗਰਗ ਨੇ ਦੱਸਿਆ ਕਿ ਸਾਡੀ ਸੰਸਥਾ ਵਲੋਂ ਅੱਠਵਾਂ ਸਲਾਨਾ ਵਿਸ਼ਾਲ ਰਾਸ਼ਨ ਵੰਡ ਸਮਾਗਮ ਮਹਾਰਾਜਾ ਅਗਰਸੇਨ ਸੇਵਾ ਸਦਨ, ਛਪਾਰ ਰੋਡ, ਅਹਿਮਦਗੜ੍ਹ ਵਿਖੇ 29 ਦਸੰਬਰ 2024 ਨੂੰ ਕਰਵਾਇਆ ਜਾ ਰਿਹਾ ਹੈ। ਇਸ ਵਿਚ 151 ਲੋੜਵੰਦ ਪਰਿਵਾਰਾਂ ਨੂੰ ਰਸੋਈ ਰਾਸ਼ਨ, ਵੀਲ ਚੇਅਰ, ਟਰਾਈਸਾਈਕਲ, ਸਿਲਾਈ ਮਸ਼ੀਨਾਂ, ਕੱਪੜੇ ਅਤੇ ਹੋਰ ਆਮ ਵਰਤੋਂ ਦਾ ਸਮਾਨ ਦਿੱਤਾ ਜਾਵੇਗਾ । ਇਸ ਮੀਟਿੰਗ ਵਿਚ ਸਲਾਨਾ ਸਮਾਗਮ ਨੂੰ ਸਫਲ ਬਣਾਉਣ ਲਈ ਸਾਰਿਆਂ ਮੈਂਬਰਾਂ ਵਲੋਂ ਆਪੋ ਆਪਣੇ ਕੀਮਤੀ ਵਿਚਾਰ ਰੱਖੇ ਗਏ। ਇਸ ਮੌਕੇ ਪ੍ਰਧਾਨ ਰਾਕੇਸ਼ ਗਰਗ ਨੇ ਕਿਹਾ ਕਿ ਕਲੱਬ ਪਿਛਲੇ ਲੰਬੇ ਸਮੇਂ ਤੋਂ ਦਾਨੀ ਸੱਜਣਾ ਦੇ ਸਹਿਯੋਗ ਨਾਲ ਲੋੜਵੰਦ ਪਰਿਵਾਰਾਂ ਦੀ ਮਦਦ ਕਰਦਾ ਆ ਰਿਹਾ ਹੈ। ਇਸ ਮੌਕੇ ਅਰੁਣ ਵਰਮਾ, ਬਿਪਨ ਸੇਠੀ , ਜਸਵੀਰ ਸਿੰਘ, ਮੇਜਰ ਸਿੰਘ, ਕਮਲ ਅਰੋੜਾ, ਮਹਾਂਵੀਰ ਗੋਇਲ, ਰਾਜਿੰਦਰ ਕੁਮਾਰ, ਸਰਾਜ ਦਿਉਲ, ਬਲਜਿੰਦਰ ਸਿੰਘ ਧਾਲੀਵਾਲ, ਕਮਿਕਰ ਟੈਲੀਕੋਮ, ਨਵਾਬ ਟੇਲਰ, ਹਰਵਿੰਦਰ ਚੌਹਾਨ, ਅਸ਼ੋਕ ਕੁਮਾਰ, ਕਮਲ ਪਾਠਕ, ਦੀਪਕ ਗੋਇਲ, ਹੈਪੀ ਖਾਲਸਾ, ਤਰਵਿੰਦਰ ਸਿੰਘ ਬਿਰਦੀ, ਜੀਤਾ ਪੰਧੇਰ, ਸ਼ੁਭਦੀਪ ਆਦਿ ਮੈਂਬਰਾਂ ਨੇ ਆਪੋ ਆਪਣੇ ਸੁਝਾਅ ਪ੍ਰਗਟ ਕੀਤੇ ਅਤੇ ਸਮੂਹ ਮੈਂਬਰਾਂ ਨੇ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਆਪੋ ਆਪਣੀ ਡਿਊਟੀ ਪੂਰੀ ਤਨਦੇਹੀ ਨਾਲ ਕਰਨ ਦਾ ਪ੍ਰਣ ਕੀਤਾ।

ਪਰਾਲੀ ਸਾੜੇ ਬਿਨਾਂ ਬੀਜੀ ਕਣਕ ਦੀ ਫ਼ਸਲ ਸੁੰਡੀ ਨੇ ਨੁਕਸਾਨੀ

ਦਿੜ੍ਹਬਾ ਮੰਡੀ, 8 ਦਸੰਬਰ (ਹਰਬੰਸ ਸਿੰਘ ਛਾਜਲੀ) - ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੇ ਬਲਾਕ ਭਵਾਨੀਗੜ੍ਹ ਦੇ ਪਿੰਡ ਮਹਿਲਾਂ ਚੌਂਕ ਵਿਖੇ ਇਕਾਈ ਪ੍ਰਧਾਨ ਜਗਜੀਤ ਸਿੰਘ ਮਹਿਲਾਂ ਦੀ ਅਗਵਾਈ ਵਿਚ ਸੁੰਡੀ ਨੁਕਸਾਨੀ ਕਣਕ ਦੀ ਫ਼ਸਲ ਵਾਲੇ ਖੇਤ ਦਾ ਜਥੇਬੰਦੀ ਦੇ ਆਗੂਆਂ ਨੇ ਦੌਰਾ ਕੀਤਾ। ਵਫ਼ਦ ਵਿਚ ਬਲਾਕ ਆਗੂ ਹਰਜੀਤ ਸਿੰਘ ਮਹਿਲਾ, ਅਮਨਦੀਪ ਸਿੰਘ, ਮਹਿਲਾ ਇਕਾਈ ਦੇ ਆਗੂ ਚਮਕੌਰ ਸਿੰਘ, ਸੁਖਬੀਰ ਸਿੰਘ, ਸੇਵਕ ਸਿੰਘ ਅਤੇ ਜਗਦੀਪ ਸਿੰਘ ਸ਼ਾਮਿਲ ਸਨ। ਮੀਤ ਪ੍ਰਧਾਨ ਹਰਜੀਤ ਸਿੰਘ ਮਹਿਲਾ ਨੇ ਦੱਸਿਆ ਕਿ ਪਿੰਡ ਮਹਿਲਾਂ ਦੇ ਕਿਸਾਨ ਗਗਨੀ ਸਿੰਘ ਜਵੰਧਾ ਪੁੱਤਰ ਜਗਰਾਜ ਸਿੰਘ ਜਵੰਧਾ ਨੇ ਕਣਕ ਦੀ ਬਜਾਈ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਖੇਤ ਵਿਚ ਜੀਰੀ ਦੀ ਰਹਿੰਦ ਖੂੰਹਦ ਨੂੰ ਬਿਨਾਂ ਅੱਗ ਲਗਾਏ ਕੀਤੀ ਸੀ। ਪਰ ਹੁਣ ਖੇਤ ਵਿਚ ਸਾਰੀ ਕਣਕ ਨੂੰ ਸੁੰਡ ਪੈ ਜਾਣ ਕਾਰਨ ਬਹੁਤ ਬਿਮਾਰੀ ਲੱਗ ਗਈ ਹੈ ਅਤੇ ਖੇਤ ਖਾਲੀ ਹੋ ਗਿਆ। ਜਿਸ ਕਾਰਨ ਚਾਰ ਏਕੜ ਕਣਕ ਦੀ ਫ਼ਸਲ ਵਾਹੀ ਗਈ। ਕਿਸਾਨ ਬਹੁਤ ਆਰਥਿਕ ਨੁਕਸਾਨ ਹੋ ਗਿਆ ਹੈ। ਕਿਸਾਨ ਆਗੂਆਂ ਨੇ ਸਰਕਾਰ ਅਤੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਪੀੜਿਤ ਕਿਸਾਨ ਦੀ ਆਰਥਿਕ ਸਹਾਇਤਾ ਕੀਤੀ ਜਾਵੇ ਤਾਂ ਜੋ ਆਉਣ ਵਾਲੇ ਸਮੇਂ ਚ ਕਿਸਾਨ ਕਰਜ਼ੇ ਦੀ ਮਾਰ ਤੋਂ ਬਚ ਸਕੇ। ਝੋਨੇ ਦੀ ਪਰਾਲੀ ਨੂੰ ਬਿਨਾਂ ਅੱਗ ਲਾਏ ਤੋਂ ਫ਼ਸਲਾਂ ਦੀ ਬਿਜਾਈ ਲਈ ਸਰਕਾਰ ਕਿਸਾਨਾਂ ਨੂੰ ਪਰਾਲੀ ਦੇ ਪ੍ਰਬੰਧਨ ਲਈ ਵੱਧ ਤੋਂ ਵੱਧ ਮਸ਼ੀਨਰੀ ਘੱਟ ਰੇਟ ਅਤੇ ਸਬਸਿਡੀ ਤੇ ਮੁਹੱਈਆ ਕਰਵਾਏ।

ਗੁਰਮਤਿ ਸਮਾਗਮ ਦੌਰਾਨ ਸੰਤ ਬਾਬਾ ਰਜਨੀਸ਼ ਸਿੰਘ ਨੱਥੂਮਾਜਰੇ ਵਾਲਿਆਂ ਨੂੰ ਸਨਮਾਨਿਤ ਕਰਨ ਸਮੇਂ ਭਾਈ ਗੁਲਾਬ ਸਿੰਘ, ਨਿਹਾਲ ਸਿੰਘ ਉੱਭੀ, ਬੇਅੰਤ ਸਿੰਘ ਸਰਾਉਂ, ਗੁਰਮੀਤ ਸਿੰਘ ਉਭੀ ਆਦਿ। ਤਸਵੀਰ: ਸੁਖਜੀਤ ਸਿੰਘ ਖੇੜਾ

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਸੰਬੰਧੀ ਗੁਰਮਤਿ ਸਮਾਗਮ

ਅਹਿਮਦਗੜ੍ਹ, 8 ਦਸੰਬਰ (ਸੁਖਜੀਤ ਸਿੰਘ ਖੇੜਾ) - ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਗੁਰਮਤਿ ਸਮਾਗਮ ਗੁਰਦੁਆਰਾ ਸਿੰਘ ਸਭਾ, ਅਹਿਮਦਗੜ੍ਹ ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਇਲਾਕੇ ਦੀਆਂ ਸੰਗਤਾਂ ਅਤੇ ਹਰਜੀਤ ਸਿੰਘ ਚੰਡੀਗੜ੍ਹ ਵਾਲਿਆਂ ਦੇ ਸਹਿਯੋਗ ਨਾਲ ਕਰਵਾਇਆ ਗਿਆ। ਆਖੰਡ ਪਾਠ ਦੇ ਭੋਗ ਉਪਰੰਤ ਹਜ਼ੂਰੀ ਕਥਾਵਾਚਕ ਭਾਈ ਅਵਤਾਰ ਸਿੰਘ ਵੱਲੋਂ ਕਥਾ ਵਿਚਾਰਾਂ ਦੀ ਸਾਂਝ ਪਾਈ। ਉਪਰੰਤ ਹਜ਼ੂਰੀ ਰਾਗੀ ਜਥਾ ਭਾਈ ਉਂਕਾਰ ਸਿੰਘ ਨੇ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਰਾਤ ਦੇ ਸਮਾਗਮ ਦੌਰਾਨ ਸੰਤ ਬਾਬਾ ਰਜਨੀਸ਼ ਸਿੰਘ ਨੱਥੂਮਾਜਰੇ ਵਾਲਿਆਂ ਨੇ ਸੰਗਤਾਂ ਨੂੰ ਕੀਰਤਨ ਵਿਖਿਆਨ ਰਾਹੀਂ ਨਿਹਾਲ ਕੀਤਾ। ਇਸ ਮੌਕੇ ਗੁਰੂ ਘਰ ਦੇ ਵਜ਼ੀਰ ਭਾਈ ਰਵਿੰਦਰ ਸਿੰਘ, ਸਰਪਰਤ ਮਾਤਾ ਸੁਖਦਰਸ਼ਨ ਕੌਰ, ਮੁੱਖ ਸੇਵਾਦਰ ਭਾਈ ਗੁਲਾਬ ਸਿੰਘ, ਸੈਕਟਰੀ ਨਿਹਾਲ ਸਿੰਘ ਉਭੀ, ਖਜਾਨਚੀ ਮੋਹਨ ਸਿੰਘ, ਸੀਨੀਅਰ ਮੀਤ ਪ੍ਰਧਾਨ ਡਾਕਟਰ ਜੋਗਾ ਸਿੰਘ, ਮੀਤ ਪ੍ਰਧਾਨ ਰਾਹੁਲ ਸਿੰਘ ਖਾਲਸਾ, ਦਫਤਰ ਇੰਚਾਰਜ ਜਸਕਰਨ ਸਿੰਘ ਸੋਢੀ, ਕੁਲਵੰਤ ਸਿੰਘ ਸੋਨੂ, ਅਵਤਾਰ ਸਿੰਘ ਬੜਿੰਗ, ਗੁਰਸ਼ਰਨ ਸਿੰਘ ਸੋਨੀ, ਜਸਵੀਰ ਸਿੰਘ ਜੱਸੀ, ਸੁਰਜੀਤ ਸਿੰਘ ਗਹੀਰ, ਮਾਸਟਰ ਗੁਰਜੇਪਾਲ ਸਿੰਘ, ਹਰਜੀਤ ਸਿੰਘ ਜੀਤੀ, ਜਗਵੰਤ ਸਿੰਘ ਜੱਗੀ, ਬੇਅੰਤ ਸਿੰਘ ਸਰਾਉ, ਕੁਲਦੀਪ ਸਿੰਘ ਦੀਪੀ, ਦਲਜੀਤ ਸਿੰਘ ਸੌਂਦ, ਜਸਪ੍ਰੀਤ ਸਿੰਘ ਘਲੋਟੀ, ਬਲਵੀਰ ਸਿੰਘ ਸਪਰਾ, ਮਾਸਟਰ ਮੇਜਰ ਸਿੰਘ, ਚਮਕੌਰ ਸਿੰਘ ਸਹਾਰਨਮਾਜਰਾ, ਪ੍ਰਿੰਸੀਪਲ ਤਾਰਾ ਸਿੰਘ, ਅੰਮ੍ਰਿਤਪਾਲ ਸਿੰਘ, ਪ੍ਰਿਤਪਾਲ ਸਿੰਘ, ਗੁਰਮੀਤ ਸਿੰਘ ਖਾਲਸਾ, ਬਲਵੰਤ ਸਿੰਘ ਸੌਂਦ, ਸਵਰਨ ਸਿੰਘ, ਮਾਸਟਰ ਭੁਪਿੰਦਰ ਸਿੰਘ, ਬਲਵਿੰਦਰ ਸਿੰਘ, ਰਣਜੀਤ ਸਿੰਘ ਵਿਰਦੀ, ਇੰਦਰ ਸਿੰਘ ਗੋਲੂ, ਮਨਮੋਹਨ ਸਿੰਘ ਮਿੱਠੂ ਆਦਿ ਮੌਜੂਦ ਸਨ।